# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ

3rd Floor Mini Secretariat Bathinda

bti.deosebathinda@punjabeducation.gov.in

ਵੱਲ:- ਪ੍ਰਿੰਸੀਪਲ/ਹੈੱਡਮਾਸਟਰ
ਖਾਲਸਾ ਸੀ.ਸੈ.ਸਕੂਲ ਤਲਵੰਡੀ ਸਾਬੋ,
ਸ.ਹ.ਸ (ਕੰ) ਭੁੱਚੋ ਮੰਡੀ

ਪੱਤਰ ਨੰਬਰ :- ਸਿ.ਅ.(ਸੈ.ਸਿ)/2026/974 ਮਿਤੀ 29.05.2026

**ਵਿਸ਼ਾ: ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋਂ "ਸਿਤਾਰੇ ਜ਼ਮੀਨ ਤੇ" ਸਮਾਗਮ ਵਿੱਚ ਮਿਤੀ 31.05.2026 ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਰਿਟ ਵਿੱਚ 8ਵੀਂ, 10ਵੀਂ ਅਤੇ 12ਵੀਂ ਜਮਾਤ ਵਿੱਚੋਂ ਜ਼ਿਲ੍ਹੇ ਦੇ ਪਹਿਲੇ 3 ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਭੇਜਣ ਸਬੰਧੀ ਅਥਾਰਟੀ ਅਤੇ ਪ੍ਰਬੰਧਕੀ ਪੱਤਰ।**

ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ ਦੇ ਮੀਮੋ ਨੰਬਰ ਵੀ 1133970 ਮੈਰਿਟ(2)/2026 148417-18 ਮਿਤੀ 27/05/2026 ਦੇ ਹਵਾਲੇ ਵਿੱਚ, ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਰਿਟ ਵਿੱਚ 8ਵੀਂ, 10ਵੀਂ ਅਤੇ 12ਵੀਂ ਜਮਾਤ ਵਿੱਚ ਹਰ ਜ਼ਿਲ੍ਹੇ ਦੇ ਪਹਿਲੇ 3 ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨਾਲ ਮੁਲਾਕਾਤ ਕਰਨ ਅਤੇ ਪ੍ਰੇਰਿਤ ਕਰਨ ਸਬੰਧੀ ਇੱਕ ਵਿਸ਼ੇਸ਼ ਪ੍ਰੋਗਰਾਮ **ਮਿਤੀ: 31.05.2026 ਨੂੰ ਸਵੇਰ 9:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਟੈਗੋਰ ਥੀਏਟਰ, ਸੈਕਟਰ 18, ਚੰਡੀਗੜ੍ਹ** ਵਿਖੇ ਕਰਵਾਇਆ ਜਾ ਰਿਹਾ ਹੈ।

ਇਸ ਸਬੰਧੀ ਹੇਠ ਲਿਖੇ ਨਿਰਧਾਰਿਤ ਯੋਗ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ (ਪ੍ਰਤੀ ਵਿਦਿਆਰਥੀ ਮਾਪੇ) ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਅਧਿਕਾਰਤ ਕੀਤਾ ਜਾਂਦਾ ਹੈ। ਸਮੂਹ ਸਬੰਧਤ ਪ੍ਰਿੰਸੀਪਲ/ਹੈੱਡਮਾਸਟਰ ਇਹ ਯਕੀਨੀ ਬਣਾਉਣਗੇ ਕਿ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਤੋਂ ਇਸ ਸਬੰਧੀ ਸਹਿਮਤੀ ਲੈ ਲਈ ਗਈ ਹੈ ਅਤੇ ਵਿਦਿਆਰਥੀ ਹੇਠ ਲਿਖੀਆਂ ਹਦਾਇਤਾਂ ਦੀ ਪੂਰਨ ਪਾਲਣਾ ਕਰਦੇ ਹੋਏ ਸਮੇਂ ਸਿਰ ਪਹੁੰਚਣ:

- ਸਮੂਹ ਸਬੰਧਤ ਵਿਦਿਆਰਥੀ ਆਪਣੀ ਸਕੂਲ ਯੂਨੀਫਾਰਮ (School Uniform) ਵਿੱਚ ਆਉਣਾ ਯਕੀਨੀ ਬਣਾਉਣਗੇ।
- ਹਰ ਵਿਦਿਆਰਥੀ ਕੋਲ ਆਪਣਾ ਸਕੂਲ ਦਾ ਆਈ.ਡੀ. ਕਾਰਡ (School ID Card) ਅਤੇ ਇੱਕ ਪਾਸਪੋਰਟ ਸਾਈਜ਼ ਫੋਟੋ ਹੋਣੀ ਲਾਜ਼ਮੀ ਹੈ।
- ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦੀ ਸੁਚਾਰੂ ਰਜਿਸਟ੍ਰੇਸ਼ਨ ਲਈ ਨੱਥੀ ਫਾਰਮੈਟ ਅਨੁਸਾਰ ਆਈ.ਡੀ. ਕਾਰਡ ਤਿਆਰ ਕੀਤਾ ਜਾਵੇ।
- ਸਮੂਹ ਵਿਦਿਆਰਥੀਆਂ ਅਤੇ ਮਾਪਿਆਂ ਲਈ ਦਫ਼ਤਰ ਵੱਲੋਂ ਮੁਹੱਈਆ ਕਰਵਾਈ ਗਈ ਟ੍ਰਾਂਸਪੋਰਟ ਸਹੂਲਤ ਰਾਹੀਂ ਸਮੇਂ ਸਿਰ ਟੈਗੋਰ ਥੀਏਟਰ, ਚੰਡੀਗੜ੍ਹ ਵਿਖੇ ਸਵੇਰੇ 9:00 ਵਜੇ ਰਿਪੋਰਟ ਕਰਨਾ ਯਕੀਨੀ ਬਣਾਇਆ ਜਾਵੇ।

## ਸਮਾਗਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸੂਚੀ (ਮੈਰਿਟ ਸੂਚੀ):

| ਲੜੀ ਨੰ: | ਵਿਦਿਆਰਥੀ ਦਾ ਨਾਂ | ਜਮਾਤ | ਜ਼ਿਲ੍ਹੇ ਵਿੱਚ ਸਥਾਨ | ਸਕੂਲ ਦਾ ਨਾਂ | ਮਾਪਿਆਂ ਦਾ ਨਾਂ | ਬੋਰਡ ਦਾ ਰੋਲ ਨੰਬਰ | ਪ੍ਰਾਪਤ ਅੰਕ |
|---|---|---|---|---|---|---|---|
| 1 | ਗੋਲੂ / ਘਨਈਆ | 8ਵੀਂ | ਪਹਿਲਾ ਸਥਾਨ | ਸ.ਮਿ.ਸ ਕੋਠੇ ਅਮਰਪੁਰਾ | ਘਨਈਆ | 8026203136 | 595/600 99.17% |
| 2 | ਸਬਾ ਨੂਰ/ਆਸਿਫ ਖਾਨ | 8ਵੀਂ | ਦੂਜਾ ਸਥਾਨ | ਖਾਲਸਾ ਸੀ.ਸੈ.ਸਕੂਲ,ਤਲਵੰਡੀ ਸਾਬੋ (ਬਠਿੰਡਾ) | ਆਸਿਫ ਖਾਨ | 8026197693 | 593/600 98.83% |
| 3 | ਲਕਸ਼ੀਤਾ/ ਕੇਵਲਕ੍ਰਿਸ਼ਨ | 8ਵੀਂ | ਤੀਜਾ ਸਥਾਨ | ਸ.ਕੰ.ਹ.ਸਕੂਲ ਭੁੱਚੋ ਮੰਡੀ (ਬਠਿੰਡਾ) | ਕੇਵਲਕ੍ਰਿਸ਼ਨ | 8026183523 | 591/600 98.50% |
| 4 | ਸ੍ਰਿਸ਼ਟੀ / ਮੁਕੇਸ਼ ਕੁਮਾਰ | 10ਵੀਂ | ਪਹਿਲਾ ਸਥਾਨ | ਸ.ਕੰ.ਸੀ.ਸੈ ਸਕੂਲ ਮੰਡੀ ਕਲਾਂ (ਬਠਿੰਡਾ) | ਮੁਕੇਸ਼ ਕੁਮਾਰ | 1026157387 | 636/650 97.85% |
| 5 | ਰਵਨੀਤ ਕੌਰ / ਗੁਰਪ੍ਰੀਤ ਸਿੰਘ | 10ਵੀਂ | ਦੂਜਾ ਸਥਾਨ | ਸੁਰੂ ਗੋਬਿੰਦ ਸਿੰਘ ਪਬਲਿਕ ਸੀ.ਸੈ ਸਕੂਲ ਜੋਗੇਵਾਲਾ (ਬਠਿੰਡਾ) | ਗੁਰਪ੍ਰੀਤ ਸਿੰਘ | 1026159250 | 635/650 97.69% |
| 6 | ਸਵਰੀਤ ਕੌਰ ਸਿੱਧੂ / ਜਸਕਰਨ ਸਿੰਘ | 10ਵੀਂ | ਤੀਜਾ ਸਥਾਨ | ਸੇਕਰਡ ਹਾਰਟ ਕਾਨਵੈਂਟ ਸਕੂਲ,ਸੰਗਤ ਮੰਡੀ | ਜਸਕਰਨ ਸਿੰਘ | 1026157899 | 632/650 97.23% |
| 7 | ਸਵਪਨਦੀਪ ਕੌਰ ਸਿੱਧੂ / ਬਾਰਾ ਸਿੰਘ ਸਿੱਧੂ | 12ਵੀਂ | ਪਹਿਲਾ ਸਥਾਨ | ਖਾਲਸਾ ਸੀ.ਸੈ.ਸਕੂਲ,ਤਲਵੰਡੀ ਸਾਬੋ (ਬਠਿੰਡਾ) | ਬਾਰਾ ਸਿੰਘ ਸਿੱਧੂ | 2026120161 | 494/500 98.80% |
| 8 | ਗੁਰਲੀਨ ਕੌਰ / ਸੱਤਪਾਲ ਸਿੰਘ | 12ਵੀਂ | ਦੂਜਾ ਸਥਾਨ | ਮਾਸਟਰ ਮਾਈਂਡ ਪਬਲਿਕ ਸੀ.ਸੈ.ਸਕੂਲ ਰੁਘੂ ਬੰਘੀ (ਬਠਿੰਡਾ) | ਸੱਤਪਾਲ ਸਿੰਘ | 2026351035 | 492/500 98.40% |
| 9 | ਵਰੁਣ ਕੁਮਾਰ / ਨਿਰਮਲ ਕੁਮਾਰ | 12ਵੀਂ | ਤੀਜਾ ਸਥਾਨ | ਸਕੂਲ ਆਫ ਐਮੀਨੈਂਸ, ਮੰਡੀ ਫੁਲ (ਬਠਿੰਡਾ) | ਨਿਰਮਲ ਸਿੰਘ | 2026119772 | 491/500 98.20% |

**ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਇਸ ਵਿੱਚ ਕਿਸੇ ਵੀ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ।**

ਉਪਰੋਕਤ ਪ੍ਰੋਗ੍ਰਾਮ ਦੇ ਨੋਡਲ ਪ੍ਰਿੰਸੀਪਲ ਬਿਕਰਮਜੀਤ ਸਿੰਘ(98727-82666) ,ਖਾਲਸਾ ਸ.ਸ.ਸ.ਸਕੂਲ,ਤਲਵੰਡੀ ਸਾਬੋ ਅਤੇ ਸਹਾਇਕ ਨੋਡਲ ਹੈੱਡ ਮਿਸਟ੍ਰੈਸ ਗੁਰਪ੍ਰੀਤ ਕੌਰ (9517150001) ਸ.ਹ.ਸ (ਕੰ) ਭੁੱਚੋ ਮੰਡੀ ਜੀ ਨੂੰ ਲਗਾਇਆ ਜਾਂਦਾ ਹੈ।ਸਬੰਧਿਤ ਸਕੂਲ ਪ੍ਰਿੰਸੀਪਲ/ਇੰਚਾਰਜ਼ ਵਿਦਿਆਰਥੀ ਅਤੇ ਉਸਦੇ ਨਾਲ ਪਿਤਾ ਜਾਂ ਮਾਤਾ ਨੂੰ ਭੇਜਣਾ ਯਕੀਨੀ ਬਣਾਉਣਗੇ।ਟਰਾਂਸਪੋਰਟ ਸਹੂਲਤ ਲਈ 98762-59241 (ਸਤਨਾਮ ਸਿੰਘ ਅਧਿਆਪਕ ਖਾਲਸਾ ਸ.ਸ.ਸ.ਸਕੂਲ,ਤਲਵੰਡੀ ਸਾਬੋ) ਨਾਲ ਸੰਪਰਕ ਕਰਨਾ ਯਕੀਨੀ ਬਣਾਇਆ ਜਾਵੇ।ਸਬੰਧਿਤ ਸਕੂਲ ਵੱਲੋਂ ਮਾਪਿਆ ਅਤੇ ਵਿਦਿਆਰਥੀਆਂ ਨੂੰ ਪਤੱਰ ਨਾਲ ਨੱਥੀ ਨਮੂਨਾ ਅਨੁਸਾਰ ਆਈ.ਡੀ ਕਾਰਡ ਬਣਾ ਕੇ ਜਾਰੀ ਕਰ ਦਿੱਤੇ ਜਾਣ ਜੀ

**ਇਕੱਠੇ ਹੋਣ ਦਾ ਸਥਾਨ:- ਮਿਨੀ ਸਕੱਤਰੇਤ ,ਬਠਿੰਡਾ ਸਵੇਰੇ 4:30 ਵਜੇ 98762-59241 (ਸਤਨਾਮ ਸਿੰਘ ਖਾਲਸਾ ਸ.ਸ.ਸ.ਸਕੂਲ,ਤਲਵੰਡੀ ਸਾਬੋ)**

ਉਤਾਰਾ :- ਉਪਰੋਕਤ ਪੱਤਰ ਵਿੱਚ ਦਰਸਾਏ ਸਬੰਧਤ ਸਕੂਲ ਪ੍ਰਿੰਸੀਪਲ/ਇੰਚਾਰਜ਼

**ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)**
**ਬਠਿੰਡਾ**

# ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਪੀ.ਐੱਸ.ਈ.ਬੀ. ਕੰਪਲੈਕਸ, ਬਲਾਕ- ਈ, ਚੌਥੀ ਮੰਜ਼ਿਲ, ਫੇਜ਼-8, ਐੱਸ.ਏ.ਐੱਸ.ਨਗਰ

ਸ਼ਾਖਾ- ਸਕੂਲ ਆਫ਼ ਐਮੀਨੈਂਸ (Schoolofeminencepunjab@gmail.com)

---

**ਵੱਲ:**

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਬੰਧਤ ਪ੍ਰਿੰਸੀਪਲ ਅਤੇ ਹੈਡਮਾਸਟਰ,
ਪੰਜਾਬ।

**ਮੀਮੋ ਨੰ.:** ਈ 1133970 ਸੈਂਸਿ (2)/2026 148417-18

**ਮਿਤੀ:** 27/5/2026

**ਵਿਸ਼ਾ:-** **ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋਂ "ਸਿਤਾਰੇ ਜ਼ਮੀਨ ਤੇ" ਸਮਾਗਮ ਵਿਚ ਮਿਤੀ: 31.05.2026 ਨੂੰ ਪੰਜਾਬ ਸਕੂਲ ਸਿਖਿਆ ਬੋਰਡ ਦੀ ਮੈਰਿਟ ਵਿਚ 8ਵੀ, 10ਵੀ ਅਤੇ 12ਵੀ ਜਮਾਤ ਵਿਚੋ ਹਰ ਜ਼ਿਲੇ ਦੇ ਪਹਿਲੇ 3 ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਅਤੇ ਮਾਪਿਆ ਨੂੰ ਸੰਬੋਧਨ ਕਰਨ ਸਬੰਧੀ ਜਰੂਰੀ ਹਦਾਇਤਾ ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਣਯੋਗ ਹੈ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਪੰਜਾਬ ਸਕੂਲ ਖਿਆ ਬੋਰਡ ਦੀ ਮੈਰਿਟ ਵਿਚ 8ਵੀ, 10ਵੀ ਅਤੇ 12ਵੀ ਜਮਾਤ ਦੇ ਹਰ ਜ਼ਿਲੇ ਦੇ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਅਤੇ ਮਾਪਿਆਂ ਨਾਲ ਮੁਲਾਕਾਤ ਕਰਨ ਅਤੇ ਪ੍ਰੇਰਿਤ ਕਰਨ ਸਬੰਧੀ ਪ੍ਰੋਗਰਾਮ ਮਿਤੀ: 31.05.2026 ਨੂੰ ਸਵੇਰ 9:00 ਵਜੇ ਤੋਂ ਦੁਪਿਹਰ 12:00 ਵਜੇ ਤੱਕ ਟੈਗੋਰ ਥੀਏਟਰ ਸੈਕਟਰ 18 ਚੰਡੀਗੜ੍ਹ ਵਿਖੇ ਕਰਵਾਇਆ ਜਾ ਰਿਹਾ ਹੈ।

2.0 ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ 8ਵੀ, 10ਵੀ ਅਤੇ 12ਵੀ ਜਮਾਤ ਦੇ ਪਹਿਲੇ ਤਿੰਨ ਵਿਦਿਆਰਥੀਆਂ ਦੀ ਸਹਿਮਤੀ ਲੈਣ ਉਪਰੰਤ ਪ੍ਰੋਗਰਾਮ ਵਿੱਚ ਭੇਜਣਾ ਯਕੀਨੀ ਬਣਾਇਆ ਜਾਵੇ। ਇਨ੍ਹਾਂ ਵਿਦਿਆਰਥੀਆਂ ਦੀ ਜ਼ਿਲਾਵਾਰ ਸਹਿਮਤੀ ਮਿਤੀ: **28-.05.2026 2:00** ਵਜੇ ਤੱਕ **ਗੂਗਲ ਸ਼ੀਟ** ਭਰ ਕੇ ਇਸ ਦਫਤਰ ਵਿਖੇ ਭੇਜਣਾ ਯਕੀਨੀ ਬਣਾਈ ਜਾਵੇ।

3.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਸੈ.ਸਿ.) ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜਿਲੇ ਨਾਲ ਸਬੰਧਤ ਵਿਦਿਆਰਥੀਆਂ ਲਈ ਟ੍ਰਾਂਸਪੋਰਟ ਦੀ ਸੁਵਿਧਾ ਮੁਹੱਈਆਂ ਕਰਵਾਉਂਦੇ ਹੋਏ ਇਸ ਪ੍ਰੋਗਰਾਮ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ।

4.0 ਵਿਦਿਆਰਥੀਆਂ ਵੱਲੋਂ ਸਵੇਰ 9:00 ਵਜੇ ਸਥਾਨ ਤੇ ਰਿਪੋਰਟ ਕੀਤਾ ਜਾਵੇ।

5.0 ਵਿਦਿਆਰਥੀਆਂ ਵੱਲੋਂ ਸਕੂਲ ਯੂਨੀਫ਼ਾਰਮ ਵਿਚ ਆਉਣਾ ਯਕੀਨੀ ਬਣਾਈ ਜਾਵੇ, ਵਿਦਿਆਰਥੀਆਂ ਕੋਲ ਆਪਣਾ School ID Card ਅਤੇ Passport Size Photo ਦੀ ਕਾਪੀ ਹੋਣੀ ਚਾਹੀਦੀ ਹੈ।

6.0 ਵਿਦਿਆਰਥੀਆਂ ਦਾ ਅਤੇ ਉਹਨਾਂ ਦੇ ਮਾਪਿਆਂ ਦਾ ਨਾਲ ਨੱਥੀ ਫਾਰਮੈਟ ਅਨੁਸਾਰ ID Card ਬਣਾਇਆ ਜਾਵੇ ਤਾਂ ਜੋ ਉਹਨਾਂ ਦੀ ਸੁਚਾਰੂ ਢੰਗ ਨਾਲ ਰਜਿਸਟ੍ਰੇਸ਼ਨ ਕਰਵਾਈ ਜਾ ਸਕੇ।

7.0 ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਕੱਤਰ ਸਿੰਘ ਬੱਲ
ਡਾਇਰੈਕਟਰ ਸਕੂਲ ਐਜੂਕੇਸ਼ਨ(ਸੈਕੰਡਰੀ)
ਪੰਜਾਬ।

ਪਿਠ ਅੰਕਣ ਨੰ: 2026148419-22 ਮਿਤੀ,ਸਅਸ ਨਗਰ 27-5-2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1.0 ਪੀ.ਏ./ ਮਾਨਯੋਗ ਪ੍ਰਬੰਧਕੀ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ।

2.0 ਪੀ.ਏ./ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਜੀ।

3.0 ਪੀ.ਏ./ ਮਾਨਯੋਗ ਵਧੀਕ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ।

4.0 ਪੀ.ਏ./ ਡਾਇਰੈਕਟਰ ਐੱਸ.ਸੀ.ਈ.ਆਰ.ਟੀ., ਪੰਜਾਬ ਜੀ।

**ਸਹਾਇਕ ਡਾਇਰੈਕਟਰ**
**(ਸੈਕੰਡਰੀ ਸਿੱਖਿਆ)**

# ਸਿਤਾਰੇ ਜ਼ਮੀਨ ਤੇ

ਨਾਮ:

ਮਿਤੀ: 31-05-2026

ਸਮਾਂ: ਸਵੇਰੇ 9 ਵਜੇ

ਸਥਾਨ: ਟੈਗੋਰ ਥੀਏਟਰ, ਸੈਕਟਰ 18, ਚੰਡੀਗੜ੍ਹ।